**ਸਮਾਜਿਕ ਸੁਰੱਖਿਆ ਅਤੇ ਇਸਤਰੀ ਤੇ ਬਾਲ ਵਿਕਾਸ ਵਿਭਾਗ, ਪੰਜਾਬ, ਚੰਡੀਗੜ੍ਹ**

ਐਸ.ਸੀ.ਓ.-102-103, ਸੈਕਟਰ 34ਏ, ਚੰਡੀਗੜ੍ਹ, ਈਮੇਲ ਆਈ.ਡੀ. jd.ss@punjab.gov.in

ਟੈਲੀਫੋਨ ਨੰ.-0172-2608746,2602726

**https://sswcd.punjab.gov.in/**

ਰਾਜ ਸਰਕਾਰ ਵੱਲੋਂ ਬਜ਼ੁਰਗਾਂ ਦੀ ਭਲਾਈ ਵਾਸਤੇ 16 ਜ਼ਿਲ੍ਹਿਆਂ (ਬਠਿੰਡਾ, ਫਤਹਿਗੜ੍ਹ ਸਾਹਿਬ, ਫਰੀਦਕੋਟ, ਫਾਜ਼ਿਲਕਾ, ਗੁਰਦਾਸਪੁਰ, ਪਾਠਨਕੋਟ, ਜਲੰਧਰ, ਕਪੂਰਥਲਾ, ਸ੍ਰੀ ਮੁਕਤਸਰ ਸਾਹਿਬ, ਮੋਗਾ, ਸ਼ਹੀਦ ਭਗਤ ਸਿੰਘ ਨਗਰ, ਪਟਿਆਲਾ, ਰੂਪ ਨਗਰ, ਐਸ.ਏ.ਐਸ.ਨਗਰ, ਸੰਗਰੂਰ ਅਤੇ ਤਰਨਤਾਰਨ) ਵਿੱਚ ਬਿਰਧ ਘਰ ਖੋਲਣ / ਚਲਾਉਣ ਸਬੰਧੀ ਗ੍ਰਾਂਟ ਲਈ ਅਰਜੀਆਂ ਦੀ ਮੰਗ ਕੀਤੀ ਜਾਂਦੀ ਹੈ । ਗ੍ਰਾਂਟ ਲੈਣ ਲਈ ਹੇਠ ਲਿਖੀਆਂ ਸੰਸਥਾਵਾਂ ਅਰਜੀ ਦਾਇਰ ਕਰ ਸਕਦੀਆਂ ਹਨ :-

(ੳ) ਗੈਰ-ਸਰਕਾਰੀ ਐਨ.ਜੀ.ਓ. ਰਜਿਸਟਰਡ, ਸਵੈ-ਇੱਛਕ ਸੰਸਥਾਵਾਂ/ਟਰਸਟ/ ਰੈੱਡ ਕਰਾਸ ਸੋਸਾਇਟੀ ਜੋ ਬਿਰਧ ਘਰ ਚਲਾ ਰਹੀਆਂ ਹਨ ਜਾਂ ਜੋ ਅਜਿਹੇ ਹੋਮ ਨੂੰ ਘੱਟੋ-ਘੱਟ 25 ਬਜ਼ੁਰਗਾਂ ਵਾਸਤੇ ਜਾਂ 50,100,150 ਬਜ਼ੁਰਗਾਂ ਵਾਸਤੇ 12 ਮਹੀਨੇ ਵਿੱਚ ਸਥਾਪਿਤ ਕਰ ਸਕਦੀਆਂ ਹਨ।

(ਅ) ਰਾਜ ਸਰਕਾਰ /ਪੰਚਾਇਤੀ ਰਾਜ/ ਲੋਕਲ ਸਥਾਨਕ ਸਰਕਾਰ ਵੱਲੋਂ subordinate ਜਾਂ autonomous ਤੌਰ ਤੇ ਚਲਾਈਆਂ ਜਾ ਰਹੀਅਂ ਸੰਸਥਾਵਾਂ।

(ੲ) ਸਰਕਾਰ ਤੋਂ ਮਾਨਤਾ ਪ੍ਰਾਪਤ ਵਿਦਿਅਕ ਅਦਾਰੇ/ ਚੈਰੀਟੇਬਲ ਹਸਪਤਾਲ/ ਨਰਸਿੰਗ ਹੋਮਜ਼/ ਮਾਨਤਾ ਪ੍ਰਾਪਤ ਯੂਥ ਸੰਸਥਾਵਾਂ।

ਗ੍ਰਾਂਟ ਲੈਣ ਵਾਲੀਆਂ ਸੰਸਥਾਵਾਂ ਕੋਲ ਆਪਣੀ ਬਿਲਡਿੰਗ ਹੋਣਾ ਜ਼ਰੂਰੀ ਹੈ। ਗ੍ਰਾਂਟ ਪ੍ਰਾਪਤ ਕਰਨ ਵਾਲੀਆਂ ਸੰਸਥਾਵਾਂ ਨੂੰ The Punjab Manegment of Senior Citizen Homes for Elderly Persons Scheme 2019 ਤਹਿਤ ਪੰਜਾਬ ਰਜਿਸਟ੍ਰਡ ਕੀਤਾ ਜਾਣਾ ਲਾਜ਼ਮੀ ਹੋਵੇਗਾ।

ਵਧੇਰੇ ਜਾਣਕਾਰੀ ਅਤੇ ਸ਼ਰਤਾਂ ਸਬੰਧੀ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਨਾਲ ਤਾਲਮੇਲ ਕੀਤਾ ਜਾ ਸਕਦਾ ਹੈ ਅਤੇ ਜਾਂ ਸ਼ਰਤਾਂ/ ਫਾਰਮ/ ਰਜਿਸਟਰੇਸ਼ਨ ਸਬੰਧੀ ਪਰਿਕ੍ਰਿਆ ਲਈ https://tinyurl.com/fcaeb22w ਤੋਂ ਡਾਉਨਲੋਡ ਕੀਤਾ ਜਾ ਸਕਦਾ ਹੈ। ਗ੍ਰਾਂਟ ਲੈਣ ਸਬੰਧੀ ਸਾਲ 2021-22 ਲਈ ਆਪਣੀਆਂ ਅਰਜ਼ੀਆਂ ਹਰ ਪੱਖੋਂ ਮੁਕੰਮਲ ਕਰਕੇ ਸਬੰਧਤ ਜ਼ਿਲ੍ਹਾ ਸਮਾਜਿਕ ਸੁਰੱਖਿਆ ਅਫਸਰ ਦੇ ਦਫਤਰ ਨੂੰ ਮਿਤੀ 13.08.2021 ਤੱਕ ਭੇਜਣੀਆਂ ਜਾਣ। ਮਿਥੀ ਮਿਤੀ ਤੋਂ ਬਾਅਦ ਪ੍ਰਾਪਤ ਕੇਸਾਂ ਤੇ ਕੋਈ ਕਾਰਵਾਈ ਨਹੀਂ ਕੀਤੀ ਜਾਵੇਗੀ।

ਉਪਰੋਕਤ ਹਦਾਇਤਾਂ ਅਤੇ ਨਿਯਮਾਂ ਵਿੱਚ ਕਿਸੇ ਤਰ੍ਹਾਂ ਦੀ ਤਬਦੀਲੀ ਕਰਨ ਲਈ ਸਰਕਾਰ/ ਵਿਭਾਗ ਦੇ ਹੱਕ ਰਾਖਵੇਂ ਹੋਣਗੇ।

ਸੰਪਰਕ :-
ਚਰਨਜੀਤ ਸਿੰਘ ਮਾਨ,
ਸੰਯੁਕਤ ਡਾਇਰੈਕਟਰ (ਸਸ)
94176-77900,

ਸਹੀ/-
ਡਾਇਰੈਕਟਰ, ਸਮਾਜਿਕ ਸੁਰੱਖਿਆ ਅਤੇ
ਇਸਤਰੀ ਤੇ ਬਾਲ ਵਿਕਾਸ ਵਿਭਾਗ,
ਪੰਜਾਬ, ਚੰਡੀਗੜ੍ਹ।